# ਸਿਨਮਾ

ਸਿਨਮਾ ਮਨੋਰੰਜਨ ਦਾ ਇੱਕ ਪ੍ਰਮੁੱਖ, ਸਸਤਾ ਅਤੇ ਵਧੀਆ ਸਾਧਨ ਹੈ। ਜਿੱਥੇ ਇਸ ਦੇ ਕਈ ਲਾਭ ਹਨ ਉੱਥੇ ਹੀ ਕਈ ਨੁਕਸਾਨ ਵੀ ਹਨ।

**ਲਾਭ :**



**ਵਰਤਮਾਨ ਜੀਵਨ ਦਾ ਜ਼ਰੂਰੀ ਅੰਗ :** ਸਿਨਮਾ ਅਜੋਕੇ ਮਨੁੱਖੀ ਜੀਵਨ ਦਾ ਇੱਕ ਜ਼ਰੂਰੀ ਅੰਗ ਬਣ ਚੁੱਕਾ ਹੈ।ਇਸ ਦੀ ਲੋਕਪ੍ਰਿਯਤਾ ਦਿਨੋ-ਦਿਨ ਵੱਧ ਰਹੀ ਹੈ। ਦਿਨ ਭਰ ਦਾ ਥੱਕਿਆ ਟੁੱਟਿਆ ਇਨਸਾਨ ਸਿਨਮੇ ਵਿੱਚ ਜਾ ਕੇ ਆਪਣਾ ਸਾਰੇ ਦਿਨ ਦਾ ਥਕੇਵਾਂ ਲਾਹ ਸਕਦਾ ਹੈ।

**ਮਨ ਪ੍ਰਚਾਵੇ ਦਾ ਸਾਧਨ :** ਭਾਂਵੇ ਹਰ ਘਰ ਵਿੱਚ ਟੈਲੀਵਿਜ਼ਨ, ਰੇਡੀਓ, ਕੰਪਿਊਟਰ ਆਦਿ ਮਨੁੱਖ ਲਈ ਦਿਲ ਪਰਚਾਵੇ ਦੇ ਸਾਧਨ ਹਨ, ਪਰ ਇਹ ਸਿਨਮਾ ਦੀ ਜਗ੍ਹਾ ਨਹੀਂ ਲੈ ਸਕਦੇ। ਇਨਸਾਨ ਥੋੜੇ ਜਿਹੇ ਪੈਸੇ ਖ਼ਰਚ ਕੇ ਢਾਈ-ਤਿੰਨ ਘੰਟੇ ਸਿਨਮਾ ਵਿੱਚ ਆਪਣਾ ਮਨ ਪਰਚਾ ਲੈਂਦਾ ਅਤੇ ਹਲਕਾ-ਫੁਲਕਾ ਹੋ ਜਾਂਦਾ ਹੈ।

**ਜਾਣਕਾਰੀ ਵਿੱਚ ਵਾਧਾ :** ਅਸੀਂ ਸਿਨਮਾ-ਘਰ ਵਿੱਚ ਬੈਠੇ ਕੇ ਪਹਾੜੀ ਦੇਸਾਂ, ਇਤਿਹਾਸਕ ਸਥਾਨਾਂ, ਚਿੜੀਆ-ਘਰਾਂ, ਦਰਿਆਵਾਂ, ਝੀਲਾਂ ਅਤੇ ਵਿਦੇਸ਼ਾ ਦੇ ਸ਼ਹਿਰਾਂ ਅਤੇ ਅਜੂਬਿਆਂ ਨੂੰ ਦੇਖ ਸਕਦੇ ਹਾਂ। ਵਿਦਿਆਰਥੀਆਂ ਫ਼ਿਲਮ ਵਿੱਚ ਦੇਖੇ ਦ੍ਰਿਸ਼ਾਂ ਨੂੰ ਅਸਾਨੀ ਨਾਲ਼ ਭੁੱਲਦੇ ਨਹੀਂ ਜਦ ਕਿ ਕਿਤਾਬ ਵਿੱਚ ਪੜ੍ਹਿਆ ਉਹ ਭੁੱਲ ਜਾਂਦੇ ਹਨ।

**ਵਿੱਦਿਅਕ ਫਾਇਦਾ** : ਸਿਨੇਮੇ ਦਾ ਦੇਸ ਦੇ ਵਿੱਦਿਅਕ ਵਿਕਾਸ ਵਿੱਚ ਕਾਫੀ ਹਿੱਸਾ ਹੈ। ਸਿਨਮਾ ਰਾਹੀਂ ਵਿਦਿਆਰਥੀਆਂ ਨੂੰ ਬਹੁਤ ਫਾਇਦਾ ਪਹੁੰਚਾਇਆ ਜਾ ਸਕਦਾ ਹੈ।

**ਵਪਾਰੀਆਂ ਨੂੰ ਲਾਭ :** ਵਪਾਰੀ ਲੋਕ ਆਪਣੀ ਕੰਪਨੀ ਰਾਹੀਂ ਤਿਆਰ ਕੀਤੀਆਂ ਚੀਜ਼ਾਂ ਦੀ ਸਿਨਮਾ ਰਾਹੀਂ ਮਸ਼ਹੂਰੀ ਕਰ ਕੇ ਲਾਭ ਉਠਾਉਂਦੇ ਹਨ ਜਿਸ ਨਾਲ਼ ਮੰਗ ਵਧਦੀ ਹੈ ਤੇ ਦੇਸ਼ ਵਿੱਚ ਪੈਦਾਵਾਰ ਨੂੰ ਲਾਭ ਪੁੱਜਦਾ ਹੈ।

**ਰੁਜ਼ਗਾਰ ਦਾ ਸਾਧਨ :** ਸਿਨੇਮੇ ਰਾਹੀਂ ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ। ਫ਼ਿਲਮ ਸਨਅਤ ਅਤੇ ਸਿਨਮਾ-ਘਰਾਂ ਵਿੱਚ ਸੈਕੜੇ ਲੋਕ ਕੰਮ ਕਰ ਕੇ ਆਪਣਾ ਪੇਟ ਪਾਲ ਰਹੇ ਹਨ।

**ਹਾਨੀਆਂ :**

**ਆਚਰਨ ਉੱਤੇ ਬੁਰਾ ਪ੍ਰਭਾਵ :** ਕਈ ਵਾਰ ਫ਼ਿਲਮਾਂ ਉਸਾਰੂ ਕਹਾਣੀਆਂ ਤੇ ਦ੍ਰਿਸ਼ ਪੇਸ਼ ਨਹੀਂ ਕਰਦੀਆਂ, ਜੋ ਨੌਜਵਾਨ ਮੁੰਡੇ-ਕੁੜੀਆਂ ਦੇ ਆਚਰਨ ਨੂੰ ਵਿਗਾੜਦੀਆਂ ਹਨ। ਇਹ ਦੇਖ ਕੇ ਉਹ ਫੈਸ਼ਨਪ੍ਰਸਤੀ ਵੱਲ ਪੈ ਜਾਂਦੇ ਹਨ।

**ਅੱਖਾਂ ਉੱਤੇ ਬੁਰਾ ਅਸਰ :** ਬਹੁਤ ਸਿਨਮਾ ਦੇਖਣ ਨਾਲ਼ ਸਿਨਮੇ ਦੇ ਪਰਦੇ ਉੱਪਰ ਪੈ ਰਹੀ ਤੇਜ਼ ਰੋਸ਼ਨੀ ਦਾ ਮਨੁੱਖੀ ਨਜ਼ਰ ਉੱਪਰ ਵੀ ਬੁਰਾ ਅਸਰ ਪੈਂਦਾ ਹੈ।

**ਸਮੇਂ ਦੀ ਬਰਬਾਦੀ :** ਸਿਨਮਾ ਸਮਾਂ ਵੀ ਨਸ਼ਟ ਕਰਦਾ ਹੈ। ਜਿਨ੍ਹਾਂ ਨੂੰ ਬਹੁਤੀਆਂ ਫ਼ਿਲਮਾਂ ਦੇਖਣ ਦੀ ਆਦਤ ਪੈ ਜਾਂਦੀ ਹੈ, ਉਹ ਆਪਣਾ ਸਮਾਂ ਨਸ਼ਟ ਕਰਦੇ ਹਨ।

**ਸਾਰ ਅੰਸ਼ :** ਫੁੱਲਾਂ ਨਾਲ਼ ਕੰਢੇ ਤਾਂ ਹੁੰਦੇ ਹੀ ਹਨ ਪਰ ਸਿਨਮਾ ਦਿਲ ਪ੍ਰਚਾਵੇ ਦਾ ਵਧੀਆ ਸਾਧਨ ਹੈ।